# ਅਯੋਗਤਾ (ਡਿਸਏਬਿਲਟੀ) ਵਾਲੇ ਉਨ੍ਹਾਂ ਵਿਅਕਤੀਆਂ ਵਾਸਤੇ ਜਾਣਕਾਰੀ ਜਿਹੜੇ ਟਰੱਸਟ ਦੇ ਲਾਭ-ਪਾਤਰ ਹਨ

## ਟਰੱਸਟ ਕੀ ਹੈ?

*ਟਰੱਸਟ* ਤਿੰਨ ਧਿਰਾਂ (ਪਾਰਟੀਆਂ) ਵਿਚਕਾਰ ਇਕ ਕਾਨੂੰਨੀ ਸਮਝੌਤਾ ਹੁੰਦਾ ਹੈ: ਟਰੱਸਟ *ਕਾਇਮ ਕਰਨ ਵਾਲਾ (ਸੈਟਲਰ)* ਟਰੱਸਟ ਕਾਇਮ ਕਰਦਾ ਹੈ, ਇਸ ਵਿੱਚ ਪੈਸੇ ਜਾਂ ਜਾਇਦਾਦ (ਐਸਿਟਸ) ਪਾਉਂਦਾ ਹੈ, ਹਿਦਾਇਤਾਂ ਦਿੰਦਾ ਹੈ ਕਿ ਇਸ ਜਾਇਦਾਦ ਦਾ ਲਾਭ ਕਿਸ ਨੂੰ ਹੋਵੇਗਾ, ਅਤੇ ਇਸ ਜਾਇਦਾਦ ਨੂੰ ਕਿਸ ਤਰ੍ਹਾਂ ਵਰਤਿਆ ਜਾਵੇਗਾ ਅਤੇ ਇਸ ਦਾ ਪ੍ਰਬੰਧ ਕਿਸ ਤਰ੍ਹਾਂ ਕੀਤਾ ਜਾਵੇਗਾ; ਟਰੱਸਟ ਵਿਚਲੀ ਜਾਇਦਾਦ ਦਾ ਪ੍ਰਬੰਧ ਕਰਨ ਅਤੇ ਇਸ ਉੱਪਰ ਨਿਗਰਾਨੀ ਰੱਖਣ ਵਾਸਤੇ *ਟਰੱਸਟੀ* ਨਿਯੁਕਤ ਕੀਤਾ ਜਾਂਦਾ ਹੈ; ਅਤੇ ਇਸ ਟਰੱਸਟ ਵਿਚਲੀ ਜਾਇਦਾਦ ਦਾ *ਲਾਭ-ਪਾਤਰਾਂ* ਨੂੰ ਵੱਖਰੇ ਵੱਖਰੇ ਤਰੀਕਿਆਂ ਨਾਲ ਫਾਇਦਾ ਪਹੁੰਚੇਗਾ।

ਟਰੱਸਟੀ ਤੋਂ ਇਹ ਮੰਗ ਕੀਤੀ ਜਾਂਦੀ ਹੈ ਕਿ ਉਹ ਟਰਸਟ ਦਸਤਾਵੇਜ਼ ਵਿੱਚ ਦਿੱਤੀਆਂ ਹਿਦਾਇਤਾਂ ਅਨੁਸਾਰ ਟਰੱਸਟ ਦਾ ਪ੍ਰਬੰਧ ਕਰੇ ਅਤੇ ਟਰੱਸਟ ਵਿਚਲੀ ਜਾਇਦਾਦ ਸਿਰਫ ਲਾਭ-ਪਾਤਰਾਂ ਦੇ ਫਾਇਦੇ ਲਈ ਹੀ ਵਰਤੇ। ਕਿਸੇ ਵੀ ਬਾਹਰਲੀ ਤੀਜੀ ਧਿਰ ਨੂੰ, ਜੇ ਉਹਦੇ ਬਾਰੇ ਟਰੱਸਟ ਦਸਤਾਵੇਜ਼ ਵਿੱਚ ਵਿਸ਼ੇਸ਼ ਹਿਦਾਇਤਾਂ ਨਹੀਂ, ਟਰੱਸਟ ਤੋਂ ਫਾਇਦਾ ਲੈਣ ਦਾ ਕੋਈ ਅਧਿਕਾਰ ਨਹੀਂ ਹੈ। ਟਰੱਸਟ ਕਿਸੇ ਦੀ ਵਸੀਅਤ ਦਾ ਹਿੱਸਾ ਹੋ ਸਕਦਾ ਹੈ (ਟੈਸਟਾਮੈਂਟਰੀ ਟਰੱਸਟ) ਜਾਂ ਇਹ ਕਿਸੇ ਵਿਅਕਤੀ ਦੇ ਟਰੱਸਟ ਦਸਤਾਵੇਜ਼ ਦਾ ਹਿੱਸਾ ਹੋ ਸਕਦਾ ਹੈ ਜਿਹੜਾ ਉਸ ਦੇ ਜੀਵਨ ਦੌਰਾਨ ਲਾਗੂ ਹੁੰਦਾ ਹੈ (*ਇੰਟਰ-ਵੀਵੋਜ਼ ਟਰੱਸਟ*)।

ਟਰੱਸਟ ਦਸਤਾਵੇਜ਼, ਵਸੀਅਤ ਜਾਂ ਵਸੀਕਾ (ਡੀਡ) ਫਾਇਦਿਆਂ ਦੀ ਰੂਪ ਰੇਖਾ ਨਿਰਧਾਰਤ ਕਰਦਾ ਹੈ ਜਿਹੜੇ ਲਾਭ-ਪਾਤਰ ਲਈ ਉਪਲੱਬਧ ਹੁੰਦੇ ਹਨ। ਜਿੱਥੇ ਟਰੱਸਟ ਦਸਤਾਵੇਜ਼ ਵਿਸ਼ੇਸ਼ ਤੌਰ 'ਤੇ ਹਿਦਾਇਤ ਨਹੀਂ ਦਿੰਦਾ, *ਟਰੱਸਟੀ ਐਕਟ* ਦੀਆਂ ਧਾਰਾਵਾਂ ਲਾਗੂ ਹੋਣਗੀਆਂ। ਟਰੱਸਟੀ ਦੀਆਂ ਆਮ ਜ਼ਿੰਮੇਵਾਰੀਆਂ ਅਤੇ ਸ਼ਕਤੀਆਂ *ਟਰੱਸਟੀ ਐਕਟ* ਵਿੱਚ ਦਰਜ ਹਨ, ਅਤੇ ਪਬਲਿਕ ਗਾਰਡੀਅਨ ਅਤੇ ਟਰੱਸਟੀ ਵਾਸਤੇ ਇਹ *ਪਬਲਿਕ ਗਾਰਡੀਅਨ ਅਤੇ ਟਰੱਸਟੀ ਐਕਟ* ਵਿੱਚ ਦਰਜ ਹੁੰਦੀਆਂ ਹਨ।

## ਟਰੱਸਟੀ ਇਸ ਗੱਲ ਦਾ ਫੈਸਲਾ ਕਿਸ ਤਰ੍ਹਾਂ ਕਰਦਾ ਹੈ ਕਿ ਫਾਇਦਾ (ਬੈਨਿਫਿੱਟ) ਕਦੋਂ ਦੇਣਾ ਹੈ?

ਕਈ ਟਰੱਸਟ ਟਰੱਸਟੀ ਤੋਂ ਇਹ ਮੰਗ ਕਰਦੇ ਹਨ ਕਿ ਉਹ ਲਾਭ-ਪਾਤਰਾਂ ਨੂੰ ਦੱਸੀ ਰਕਮ ਅਦਾ ਕਰੇ। ਇਨ੍ਹਾਂ ਟਰੱਸਟਾਂ ਨੂੰ "ਨਾਨ-ਡਿਸਕਰੈਸ਼ਨਰੀ ਟਰੱਸਟ" ਕਿਹਾ ਜਾਂਦਾ ਹੈ।

ਕਈ ਟਰੱਸਟ ਟਰੱਸਟੀ ਨੂੰ ਮਰਜ਼ੀ (ਡਿਸਕਰੈਸ਼ਨ) ਕਰਨ ਦਾ ਅਧਿਕਾਰ ਦਿੰਦੇ ਹਨ ਕਿ ਲਾਭ-ਪਾਤਰ ਨੂੰ ਪੈਸੇ ਦਿੱਤੇ ਜਾਣ ਜਾਂ ਨਾ। ਇਨ੍ਹਾਂ ਟਰੱਸਟਾਂ ਨੂੰ "ਡਿਸਕਰੈਸ਼ਨਰੀ ਟਰੱਸਟ" ਕਿਹਾ ਜਾਂਦਾ ਹੈ।

ਜਦੋਂ ਟਰੱਸਟੀ ਆਪਣੀ ਮਰਜ਼ੀ (ਡਿਸਕਰੈਸ਼ਨ) ਕਰ ਸਕਦਾ ਹੋਵੇ, ਉਦੋਂ ਉਸ ਲਈ ਜ਼ਰੂਰੀ ਹੈ ਕਿ ਲਾਭ-ਪਾਤਰ ਨੂੰ ਫਾਇਦਾ ਦੇਣ ਵੇਲੇ ਹੇਠ ਲਿਖੀਆਂ ਗੱਲਾਂ ਨੂੰ ਵਿਚਾਰ ਅਧੀਨ ਲਿਆਵੇ:

- ਟਰੱਸਟ ਦੀਆਂ ਸ਼ਰਤਾਂ
- ਲਾਭ-ਪਾਤਰ ਦੀ ਮੌਜੂਦਾ ਸਥਿਤੀ
- ਕੀ ਲਾਭ-ਪਾਤਰ ਨੂੰ ਮਿਲ਼ਣ ਵਾਲੇ ਹੋਰ ਫਾਇਦਿਆਂ 'ਤੇ ਕੋਈ ਅਸਰ ਪਵੇਗਾ
- ਲਾਭ-ਪਾਤਰ ਨੂੰ ਫਾਇਦਾ ਦੇਣ ਲਈ ਟਰੱਸਟ ਦੀ ਆਰਥਿਕ ਯੋਗਤਾ
- ਟਰੱਸਟ 'ਤੇ ਅਤੇ ਲਾਭ-ਪਾਤਰ 'ਤੇ ਪੈਣ ਵਾਲੇ ਇਨਕਮ ਟੈਕਸ ਸਬੰਧੀ ਅਸਰ
- ਦੂਜੇ ਲਾਭ-ਪਾਤਰਾਂ 'ਤੇ ਹੋਣ ਵਾਲੇ ਸੰਭਾਵੀ ਅਸਰ

ਟਰੱਸਟ ਦੀ ਦੇਖ-ਭਾਲ ਕਰਨ ਸਬੰਧੀ ਸਭ ਤੋਂ ਵੱਧ ਮਹੱਤਵਪੂਰਨ ਨਿਯਮ ਹੈ "ਈਵਨ ਹੈਂਡ ਰੂਲ" ਜਿਸ ਅਨੁਸਾਰ ਜ਼ਰੂਰੀ ਹੈ ਕਿ ਟਰੱਸਟੀ ਨਿਰਪੱਖਤਾ ਨਾਲ ਸਾਰੇ ਲਾਭ-ਪਾਤਰਾਂ ਦੇ ਹੱਕਾਂ ਅਤੇ ਹਿੱਤਾਂ ਨੂੰ ਧਿਆਨ ਵਿੱਚ ਰੱਖੇ, ਜੇ ਟਰੱਸਟ ਦਸਤਾਵੇਜ਼ ਵਿੱਚ ਇਸ ਤੋਂ ਵੱਖਰੀਆਂ ਹਿਦਾਇਤਾਂ ਨਾ ਹੋਣ।

PUBLIC GUARDIAN
AND TRUSTEE OF
BRITISH COLUMBIA

July 2005

## ਜੇ ਕੋਈ ਟਰੱਸਟ ਦਾ ਲਾਭ-ਪਾਤਰ ਹੋਵੇ ਤਾਂ ਕੀ ਉਹਨੂੰ ਮਿਲਣ ਵਾਲੇ ਡਿਸਏਬਿਲਟੀ ਭੱਤਿਆਂ 'ਤੇ ਕੋਈ ਅਸਰ ਪੈ ਸਕਦਾ ਹੈ?

ਡਿਸਏਬਿਲਟੀ ਭੱਤਿਆਂ ਵਾਲੇ ਵਿਅਕਤੀਆਂ ਵਾਸਤੇ ਇੰਪਲੋਏਮੈਂਟ ਅਤੇ ਅਸਿਸਟੈਂਸ (ਇੰਪਲੋਏਮੈਂਟ ਅਤੇ ਅਸਿਸਟੈਂਸ ਫਾਰ ਪਰਸਨਜ਼ ਵਿੱਦ ਡਿਸਏਬਿਲਟੀ (ਈ ਏ ਪੀ ਡੀ) ਬੈਨਿਫਿੱਟਸ)

ਟਰੱਸਟ ਤੋਂ ਮਿਲਣ ਵਾਲੇ ਪੈਸਿਆਂ ਦਾ ਅਸਰ ਜਾਂ ਈ ਏ ਪੀ ਡੀ ਭੱਤੇ ਜਿਹੜੇ ਮਨਿਸਟਰੀ ਆਫ ਇੰਪਲੋਏਮੈਂਟ ਅਤੇ ਇਨਕਮ ਅਸਿਸਟੈਂਸ (ਐਮ ਈ ਆਈ ਏ) ਵਲੋਂ ਦਿੱਤੇ ਜਾਂਦੇ ਹਨ, ਉਨ੍ਹਾਂ ਲਈ ਇਹ ਗੱਲ ਐਮ ਈ ਆਈ ਏ ਦੀ ਨੀਤੀ 'ਤੇ ਅਤੇ ਇਸ ਗੱਲ ਉੱਪਰ ਨਿਰਭਰ ਕਰਦੀ ਹੈ ਕਿ ਟਰੱਸਟੀ ਆਪਣੀ ਮਰਜ਼ੀ ਨਾਲ ਪੈਸਿਆਂ ਦੀ ਵਰਤੋਂ ਕਰ ਸਕਦਾ ਹੈ ਜਾਂ ਨਹੀਂ। ਜੇ ਟਰੱਸਟ ਵਿੱਚ ਮਰਜ਼ੀ ਕਰਨ ਦਾ ਅਧਿਕਾਰ ਹੈ ਅਤੇ ਜੇ ਐਮ ਈ ਆਈ ਏ ਦੇ ਨਿਯਮਾਂ ਅਨੁਸਾਰ ਚੱਲਿਆ ਜਾਵੇ ਤਾਂ ਬੀ ਸੀ ਦੇ *ਇੰਪਲੋਏਮੈਂਟ ਅਤੇ ਅਸਿਸਟੈਂਸ ਫਾਰ ਪਰਸਨਜ਼ ਵਿੱਦ ਡਿਸਏਬਿਲਟੀ ਐਕਟ* ਅਧੀਨ ਭੱਤਿਆਂ 'ਤੇ ਕੋਈ ਅਸਰ ਨਹੀਂ ਪਵੇਗਾ।

ਜੇ ਟਰੱਸਟੀ ਕੋਲ ਮਰਜ਼ੀ ਦਾ ਅਧਿਕਾਰ ਨਹੀਂ ਹੈ, ਤਾਂ ਈ ਏ ਪੀ ਡੀ ਭੱਤਿਆਂ 'ਤੇ ਅਸਰ ਪੈ ਸਕਦਾ ਹੈ। ਲਾਭ-ਪਾਤਰਾਂ ਨੂੰ ਇਹ ਜਾਨਣ ਲਈ ਕਿ ਉਨ੍ਹਾਂ ਦੇ ਭੱਤਿਆਂ 'ਤੇ ਕਿਸ ਤਰ੍ਹਾਂ ਦਾ ਅਸਰ ਪੈ ਸਕਦਾ ਹੈ ਐਮ ਈ ਆਈ ਏ ਨਾਲ ਸੰਪਰਕ ਕਰਨ ਦੀ ਲੋੜ ਹੈ।

### ਹੋਰ ਡਿਸਏਬਿਲਟੀ ਭੱਤੇ (ਬੈਨਿਫਿੱਟਸ)

ਸੰਭਵ ਹੈ ਕਿ ਦੂਸਰੀਆਂ ਕਿਸਮਾਂ ਦੇ ਡਿਸਏਬਿਲਟੀ ਭੱਤਿਆਂ ਵਾਸਤੇ (ਸੀ ਪੀ ਪੀ, ਡਬਲਿਊ ਸੀ ਬੀ, ਪ੍ਰਾਈਵੇਟ ਲਾਂਗ-ਟਰਮ ਡਿਸਏਬਿਲਟੀ ਬੈਨਿਫਿੱਟਸ ਆਦਿ), ਕੁਝ ਰੋਕਾਂ ਹੋਣ ਕਿ ਲਾਭ-ਪਾਤਰ ਟਰੱਸਟ ਤੋਂ ਕੀ ਪ੍ਰਾਪਤ ਕਰ ਸਕਦਾ ਹੈ। ਇਹ ਜਾਣਨ ਲਈ ਕਿ ਉਨ੍ਹਾਂ ਦੇ ਭੱਤਿਆਂ 'ਤੇ ਕਿਸ ਤਰ੍ਹਾਂ ਦਾ ਅਸਰ ਪੈ ਸਕਦਾ ਹੈ ਲਾਭ-ਪਾਤਰਾਂ ਨੂੰ ਡਿਸਏਬਿਲਟੀ ਭੱਤੇ ਦੇਣ ਵਾਲਿਆਂ (ਉਦਾਹਰਨ ਵਜੋਂ, ਸੀ ਪੀ ਪੀ) ਨਾਲ ਸੰਪਰਕ ਕਰਨ ਦੀ ਲੋੜ ਹੈ।

## ਟਰੱਸਟੀ ਵਾਸਤੇ ਭਰੋਸਾ ਰੱਖਣ (ਕਾਨਫੀਡੈਂਸ਼ੀਐਲਿਟੀ) ਦੀਆਂ ਕੀ ਸ਼ਰਤਾਂ ਹਨ?

ਟਰੱਸਟ ਕਾਇਮ ਕਰਨ ਵਾਲੇ ਦੇ ਪਰਿਵਾਰ ਦੇ ਫਾਇਦੇ ਵਾਸਤੇ ਸਥਾਪਤ ਕੀਤੇ ਗਏ ਪ੍ਰਾਈਵੇਟ ਟਰੱਸਟ ਦੇ ਸਬੰਧ ਵਿੱਚ ਟਰੱਸਟੀ ਨੂੰ ਟਰੱਸਟ ਦੀ ਹੋਂਦ ਜਾਂ ਟਰੱਸਟ ਨਾਲ ਸੰਬੰਧਤ ਕੋਈ ਵੀ ਜਾਣਕਾਰੀ ਟਰੱਸਟ ਕਾਇਮ ਕਰਨ ਵਾਲੇ, ਲਾਭ-ਪਾਤਰਾਂ ਅਤੇ ਉਨ੍ਹਾਂ ਦੇ ਕਾਨੂੰਨੀ ਨੁਮਾਇੰਦਿਆਂ, ਟੈਕਸ ਅਧਿਕਾਰੀਆਂ, ਅਦਾਲਤ ਜਾਂ ਪੀ ਜੀ ਟੀ ਨੂੰ ਦੇਣ ਤੋਂ ਬਿਨਾਂ ਕਿਸੇ ਹੋਰ ਨੂੰ ਦੇਣ ਦੀ ਕੋਈ ਜ਼ਿੰਮੇਵਾਰੀ ਨਹੀ ਹੈ।

ਇਹ ਮਹੱਤਵਪੂਰਨ ਹੈ ਕਿ ਲਾਭ-ਪਾਤਰਾਂ ਬਾਰੇ ਸਾਰੀ ਜਾਣਕਾਰੀ ਟਰੱਸਟੀ ਦੀ ਪਹੁੰਚ ਵਿੱਚ ਹੋਵੇ ਤਾਂ ਕਿ ਟਰੱਸਟੀ ਸਾਰੇ ਫੈਸਲੇ ਜਾਣਕਾਰੀ ਦੇ ਅਧਾਰ 'ਤੇ ਕਰ ਸਕੇ। ਇਸ ਨਾਲ ਇਹ ਗੱਲ ਯਕੀਨੀ ਬਣਾਈ ਜਾ ਸਕੇਗੀ ਕਿ ਲਾਭ-ਪਾਤਰ ਨੂੰ ਟਰੱਸਟ ਤੋਂ ਸਾਰੇ ਢੁੱਕਵੇਂ ਫਾਇਦੇ ਮਿਲ਼ਣ।

*ਇਹ ਪ੍ਰਕਾਸ਼ਨਾ ਅਯੋਗਤਾ (ਡਿਸਏਬਿਲਟੀ) ਵਾਲੇ ਲੋਕਾਂ ਅਤੇ ਉਨ੍ਹਾਂ ਦੀ ਸੰਭਾਲ ਕਰਨ ਵਾਲਿਆਂ ਵਲੋਂ ਅਕਸਰ ਪੁੱਛੇ ਜਾਂਦੇ ਸਵਾਲਾਂ ਦੇ ਜਵਾਬ ਦੇਣ ਲਈ ਤਿਆਰ ਕੀਤੀ ਗਈ ਹੈ। ਇਹ ਆਮ ਜਾਣਕਾਰੀ ਪ੍ਰਦਾਨ ਕਰਦੀ ਹੈ ਅਤੇ ਵਕੀਲ ਤੋਂ ਮਿਲ਼ਣ ਵਾਲੀ ਕਾਨੂੰਨੀ ਸਲਾਹ ਦਾ ਬਦਲ ਨਹੀਂ ਹੈ। ਕਾਨੂੰਨੀ ਸਲਾਹ ਮਸ਼ਵਰਾ ਲੈਣ ਵਿੱਚ ਮਦਦ ਵਾਸਤੇ ਕਨੇਡੀਅਨ ਬਾਰ ਅਸੋਸੀਏਸ਼ਨ ਦੀ ਲਾਇਅਰ ਰੈਫਰਲ ਸਰਵਿਸ ਨਾਲ ਸੰਪਰਕ ਕਰੋ: 604-687-3221 ਜਾਂ 1-800-663-1919 (ਲੋਅਰ ਮੇਨਲੈਂਡ ਦੇ ਬਾਹਰੋਂ ਮੁਫਤ)*

ਪੀ ਜੀ ਟੀ ਬਾਰੇ ਹੋਰ ਜਾਣਕਾਰੀ ਵਾਸਤੇ ਕਿਰਪਾ ਕਰਕੇ ਸਾਡੀ ਵੈੱਬਸਾਈਟ www.trustee.bc.ca 'ਤੇ ਆਵੋ ਜਾਂ ਸਾਡੇ ਨਾਲ ਸੰਪਰਕ ਕਰੋ:

Public Guardian and Trustee
700 – 808 West Hastings Street
Vancouver, BC V6C 3L3
ਫੋਨ: (604) 660-4444
ਫੈਕਸ: (604) 660-0374
ਈਮੇਲ: mail@trustee.bc.ca

PUBLIC GUARDIAN AND TRUSTEE OF BRITISH COLUMBIA